## ਲੀਡ ਬੈਂਕ ਅਫ਼ਸਰ

ਪੰਜਾਬ ਨੈਸ਼ਨਲ ਬੈਂਕ ਜ਼ਿਲ੍ਹਾ ਹੁਸ਼ਿਆਰਪੁਰ ਦਾ ਲੀਡ ਬੈਂਕ ਹੈ, ਜਿਸ ਦਾ ਦਫ਼ਤਰ ਪੰਜਾਬ ਨੈਸ਼ਨਲ ਬੈਂਕ, ਪਹਿਲੀ ਮੰਜ਼ਿਲ, ਜਲੰਧਰ ਰੋਡ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਹ ਦਫ਼ਤਰ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਦੇ ਤਹਿਤ ਕੰਮ ਕਰਦਾ ਹੈ। ਲੀਡ ਬੈਂਕ ਦਫ਼ਤਰ ਸਾਰੇ ਬੈਂਕ, ਜ਼ਿਲ੍ਹਾ ਸੱਤਰੀ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਦਾ ਨੋਡਲ ਦਫ਼ਤਰ ਹੈ, ਜੋ ਕਿ ਜ਼ਿਲ੍ਹੇ ਦੀ ਉਨੱਤੀ ਅਤੇ ਵਿਕਾਸ ਵਾਸਤੇ ਕੰਮ ਕਰਦੀਆਂ ਹਨ। ਲੀਡ ਬੈਂਕ ਦਫ਼ਤਰ ਦਾ ਮੁੱਖ ਕੰਮ ਜ਼ਿਲ੍ਹੇ ਦੀਆਂ ਕਰਜ਼ਾ ਯੋਜਨਾਵਾਂ ਤਿਆਰ ਕਰਨਾ ਹੈ, ਜਿਸ ਵਿਚ ਹਰ ਬੈਂਕ ਨੂੰ ਤਰਜੀਹੀ ਖੇਤਰਾਂ, ਜਿਵੇਂ ਕਿ ਖੇਤੀ-ਬਾੜੀ, ਗੈਰ ਖੇਤੀਬਾੜੀ ਖੇਤਰਾਂ ਵਿਚ ਸਾਲਾਨਾ ਕਰਜ਼ਾ ਟੀਚੇ ਦਿੱਤੇ ਜਾਂਦੇ ਹਨ। ਗੌਰਮਿੰਟ ਸਪਾਂਸਰ ਸਕੀਮਾਂ ਅਤੇ ਗਰੀਬੀ ਹਟਾਓ ਸਕੀਮਾਂ ਦਾ ਖਾਸ ਤੌਰ ਤੇ ਵੱਖਰਾ ਟੀਚਾ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਸਮੇਂ-ਸਮੇਂ ਸਿਰ ਕਰਜ਼ਾ ਯੋਜਨਾ ਅਤੇ ਹੋਰ ਸਕੀਮਾਂ ਦੀ ਸਮੀਖਿਆ ਵਾਸਤੇ ਜ਼ਿਲ੍ਹਾ ਕੰਸਲਟੇਟਿਵ ਕਮੇਟੀ, ਸਟੈਂਡਿੰਗ ਕਮੇਟੀ ਅਤੇ ਬਲਾਕ ਸੱਤਰੀ ਬੈਂਕ ਕਮੇਟੀ ਦੀਆਂ ਮੀਟਿੰਗਾਂ ਵੀ ਕਰਵਾਈਆਂ ਜਾਂਦੀਆਂ ਹਨ। ਜ਼ਿਲ੍ਹਾ ਕਰਜ਼ਾ ਯੋਜਨਾਵਾਂ ਅਤੇ ਹੋਰ ਸਕੀਮਾਂ ਨੂੰ ਲਾਗੂ ਕਰਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ, ਜੇ ਜ਼ਿਲ੍ਹਾ ਪੱਧਰ ਤੇ ਸੰਭਵ ਹੋਵੇ ਤਾਂ ਕੀਤਾ ਜਾਂਦਾ ਹੈ ਨਹੀਂ ਤਾਂ ਇਹ ਮੁਸ਼ਕਿਲਾਂ ਰਾਜ-ਪੱਧਰੀ ਬੈਂਕਰ ਕਮੇਟੀ (ਪੰਜਾਬ) ਦੇ ਕੋਲ ਭੇਜ ਦਿੱਤੀਆਂ ਜਾਂਦੀਆਂ ਹਨ। ਆਪ ਪਬਲਿਕ/ਜਨਤਾ ਲੀਡ ਬੈਂਕ ਤੋਂ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ:—

1. ਜ਼ਿਲੇ ਵਿਚ ਵਿਭਿੰਨ ਕਰਜ਼ਾ ਯੋਜਨਾਵਾਂ ਅਤੇ ਸਕੀਮਾਂ ਦੀ ਜਾਣਕਾਰੀ।
2. ਸਪਾਂਸਰਡ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ, ਸਵਰਨ ਜੈਅੰਤੀ ਗ੍ਰਾਮ ਸਵੈ ਰੋਜ਼ਗਾਰ ਯੋਜਨਾ, ਸਵਰਨ ਜੈਅੰਤੀ ਸ਼ਹਿਰੀ ਰੋਜ਼ਗਾਰ ਯੋਜਨਾ, ਸ਼ੈਡਿਊਲਡ ਕਾਸਟਾਂ ਵਾਸਤੇ ਬੈਂਕਾਂ ਦੀ ਟਾਈ-ਅਪ ਸਕੀਮ ਅਤੇ ਹੋਰ ਸਕੀਮਾਂ ਦੀ ਜਾਣਕਾਰੀ।
3. ਟ੍ਰੇਨਿੰਗ ਪ੍ਰੋਗਰਾਮਾਂ ਬਾਰੇ ਜਾਣਕਾਰੀ (ਖਾਸ ਕਰਕੇ ਬੇਰੋਜ਼ਗਾਰ ਨੌਜਵਾਨਾਂ ਵਾਸਤੇ)।
4. ਕਰਜ ਦਾਤਾ ਦੀ ਭਲਾਈ ਅਤੇ ਸਰਕਾਰ ਅਤੇ ਬੈਂਕਾਂ ਵਲੋਂ ਲਾਗੂ ਨਵੀਆਂ ਸਕੀਮਾਂ ਦੀ ਜਾਣਕਾਰੀ।
5. ਬੈਂਕਾਂ ਦੀ ਸਰਵਿਸ ਵਿਚ ਕੋਈ ਕਮੀ ਅਤੇ ਉਸਦਾ ਸਮਾਧਾਨ।
6. ਮਹਿਲਾਵਾਂ ਦੀ ਭਲਾਈ ਅਤੇ ਰੋਜ਼ਗਾਰ ਲਈ ਬੈਂਕਾਂ ਦੀ ਸਕੀਮਾਂ ਬਾਰੇ ਜਾਣਕਾਰੀ।
7. ਬੈਂਕਾਂ ਤੋਂ ਕਰਜ਼ੇ ਸਬੰਧੀ ਆ ਰਹੀਆਂ ਦਿੱਕਤਾਂ ਦੂਰ ਕਰਨ ਲਈ।